ਵਿਸ਼ਾ - ਸੰਗੀਤ (ਨ੍ਰਿਤ)

ਜਮਾਤ – ਬਾਰ੍ਹਵੀ

(ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ)

ਸਮਾਂ - 3 ਘੰਟੇ

ਅੰਕ - 45

ਵਸਤੂਨਿਸ਼ਠ ਪ੍ਰਸ਼ਨ( ਉੱਤਰ ਇੱਕ ਸਬਦ ਜਾਂ ਇੱਕ ਲਾਈਨ ਵਿੱਚ)

1. ਕਥਾ ਨੂੰ ਨ੍ਰਿਤ ਅਭਿਨੈਅ ਦੇ ਨਾਲ਼ ਪ੍ਰਦਰਸ਼ਿਤ ਕਰਨ ਵਾਲ਼ੇ ਨੂੰ ਕੀ ਕਹਿੰਦੇ ਹਨ?

ਉੱਤਰ- ਕੱਥਕ

2. ਅਲਾਰਿਪੂ ਕਿਸ ਸ਼ਾਸਤਰੀ ਨ੍ਰਿਤ ਨਾਲ ਸੰਬੰਧ ਰੱਖਦਾ ਹੈ?

ਉੱਤਰ- ਭਰਤਨਾਟੀਅਮ

3. ਤਿਲਾਨਾ ਦਾ ਕੀ ਮਤਲਬ ਹੈ?

ਉੱਤਰ- ਪੈਰਾਂ ਵਿੱਚ ਘੁੰਗਰੂ ਬੰਨ ਕੇ ਅੰਗ ਸੰਚਾਲਨ ਕਰਨਾ

4. ਲੈਅ ਕਿਸਨੂੰ ਕਹਿੰਦੇ ਹਨ?

ਉੱਤਰ- ਸਮੇਂ ਦੀ ਗਤੀ ਵਿੱਚ ਪਰਿਵਰਤਨ

5. ਮੁਦਰਾ ਸ਼ਬਦ ਦਾ ਕੀ ਅਰਥ ਹੈ?

ਉੱਤਰ- ਹੱਥਾਂ ਦੀ

6. ਉਦੇ ਸ਼ੰਕਰ ਕਿਸ ਨ੍ਰਿਤ ਨਾਲ਼ ਸੰਬੰਧ ਰੱਖਦੇ ਸਨ?

ਉੱਤਰ- ਸਾਰੇ ਸ਼ਾਸਤਰੀ ਨ੍ਰਿਤ ਨਾਲ ਸੰਬੰਧ ਰੱਖਦੇ ਸੀ।

7. ਭਰਤਨਾਟੀਅਮ ਸ਼ਾਸਤਰੀ ਨ੍ਰਿਤ ਕਿਸ ਰਾਜ ਨਾਲ਼ ਸੰਬੰਧ ਰੱਖਦਾ ਹੈ?

ਉੱਤਰ- ਤਾਮਿਲਨਾਡੂ ਦੇ ਤਨਜ਼ੋਰ

8. ਜੇਥੀਸਵਰਮ ਭਰਤਨਾਟੀਅਮ ਦਾ ਕਿਹੜਾ ਚਰਨ ਹੈ?

ਉੱਤਰ- ਦੂਸਰਾ ਚਰਨ

9. ਸ਼ਰਿੰਗਾਰ ਰਸ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ- ਨਾਇਕ-ਨਾਇਕਾ ਦਾ ਸ਼ਿੰਗਾਰ

10. ਉੱਤਰ ਭਾਰਤ ਦੇ ਪ੍ਰਸਿੱਧ ਸ਼ਾਸਤਰੀ ਨ੍ਰਿਤ ਦਾ ਕੀ ਨਾਮ ਹੈ?

ਉੱਤਰ- ਕੱਥਕ ਸ਼ਾਸਤਰੀ ਨ੍ਰਿਤ

11. ਅਭਿਨੈਅ ਦਰਪਨ ਵਿੱਚ ਕਿੰਨੀਆਂ ਸੰਯੁਕਤ ਮੁਦਰਾਵਾਂ ਦੱਸੀਆਂ ਗਈਆਂ ਹਨ?

ਉੱਤਰ- 23

12. ਅੰਜਲੀ ਮੁਦਰਾ ਕਿਸਨੂੰ ਕਹਿੰਦੇ ਹਨ?

ਉੱਤਰ- ਦੋਨੋ ਹੱਥਾਂ ਨੂੰ ਜੋੜਕੇ ਹਥੇਲ਼ੀਆਂ ਨੂੰ ਮਿਲਣ ਨਾਲ ਅੰਜਲੀ ਮੁਦਰਾ ਬਣਦੀ ਹੈ।

13. ਅਭਿਨੈਅ ਦਰਪਨ ਗਰੰਥ ਦੇ ਰਚੈਤਾ ਕੋਣ ਸਨ?

ਉੱਤਰ- ਆਚਾਰੀਆ ਨੰਦੀ ਕੇਸ਼ਵਰ

14. ਸ਼ਿਵਲਿੰਗ ਮੁਦਰਾ ਤੋਂ ਕੀ ਭਾਵ ਹੈ?

ਉੱਤਰ- ਸ਼ਿਵਲਿੰਗ ਦਰਸਾਉਣ ਲਈ।

15. ਲਾਸਯ ਨ੍ਰਿਤ ਕਿਸ ਦੇ ਨਾਲ ਸੰਬੰਧਿਤ ਹੈ?

ਉੱਤਰ- ਪਾਰਵਤੀ ਜੀ ਨਾਲ਼ ਸੰਬੰਧ ਰੱਖਦਾ ਹੈ।

16. ਲਾਸਯ ਨ੍ਰਿਤ ਕਿੰਨੇ ਪ੍ਰਕਾਰ ਦਾ ਹੁੰਦਾ ਹੈ?

ਉੱਤਰ- 3 ਤਰ੍ਹਾਂ ਦਾ।

17. ਉਦਯ ਸ਼ੰਕਰ ਕਿਸ ਜਗ੍ਹਾ ਤੋਂ ਸੰਬੰਧ ਰੱਖਦੇ ਸਨ?

ਉੱਤਰ- ਅਲਮੋੜਾ ਤੋਂ।

18. ਭੰਗੜਾ ਲੋਕ ਨਾਚ ਕਿਸ ਨ੍ਰਿਤ ਦਾ ਅੰਗ ਹੈ?

ਉੱਤਰ- ਪੰਜਾਬ ਲੋਕ ਨ੍ਰਿਤ ਦਾ।

19. ਭਾਵ ਦਾ ਕੀ ਅਰਥ ਹੁੰਦਾ ਹੈ?

ਉੱਤਰ- ਮਨ ਵਿੱਚ ਉੱਠਣ ਵਾਲੇ ਪਹਿਲੇ ਵਿਚਾਰ ਤਰੰਗ।

20. ਸਥਾਈ ਭਾਵ ਕਿਸਨੂੰ ਕਹਿੰਦੇ ਹਨ?

ਉੱਤਰ- ਜੋ ਮਨੁੱਖ ਦੇ ਹਿਰਦੇ ਵਿੱਚ ਸਥਾਈ ਰੂਪ ਵਿੱਚ ਵਿਰਾਜਮਾਨ ਰਹਿਣ।

21. ਸਾਤਵਿਕ ਤੋਂ ਤੁਹਾਡਾ ਕੀ ਮਤਲਬ ਹੈ?

ਉੱਤਰ- ਸਤਵ ਗੁਣਾਂ ਨਾਲ਼ ਉਤਪੰਨ ਭਾਵ।

22. ਚੱਕਰਦਾਰ ਪਰਨ ਕਿਸਨੂੰ ਆਖਦੇ ਹਨ?

ਉੱਤਰ- ਇਸ ਵਿੱਚ ਤਿੰਨ ਬਾਰ ਨੱਚ ਕੇ ਸਮ ਤੇ ਆਉਣਾ।

ਖਾਲੀ ਥਾਵਾਂ ਭਰੋ

23. ਸੰਚਾਰੀ ਭਾਵ ਦਾ ਮਤਲਬ ਹੈ__________(ਜੋ ਭਾਵ ਸਥਾਈ ਨਾ ਹੋਣ)
24. ਗਿੱਧਾ ਪੰਜਾਬ ਦੀਆਂ __________ ਦੁਆਰਾ ਕੀਤਾ ਜਾਣ ਵਾਲਾ ਪ੍ਰਸਿੱਧ ਨਾਚ ਹੈ।(ਮੁਟਿਆਰਾਂ)
25. ਤਿੰਨਤਾਲ ਵਿੱਚ __________ ਮਾਤਰਾਵਾਂ ਹੁੰਦੀਆਂ ਹਨ। (16)
26. ਝੱਪਤਾਲ ਵਿੱਚ__________ਖਾਲੀ ਮਾਤਰਾਵਾਂ ਹੁੰਦੀਆਂ ਹਨ। (6ਵੀਂ)
27. ਗਤ ਨਿਕਾਸ ਦਾ ਮਤਲਬ ਹੈ __________ (ਨਿੱਕਲ ਕੇ ਆਉਣ ਦਾ ਭਾਵ)
28. ਕਵਿੱਤ ਦਾ ਮਤਲਬ ਹੈ __________ (ਕਵਿਤਾ ਦੇ ਬੋਲਾਂ ਨੂੰ ਤਾਲ ਬੱਧ ਕਰਨਾ)
29. ਆਮਦ ਦਾ ਮਤਲਬ ਹੈ __________ (ਆਉਣਾ)
30. ਸਲਾਮੀ ਦਾ ਅਰਥ ਹੈ __________ ( ਨਮਸਕਾਰ ਜਾਂ ਪ੍ਰਣਾਮ ਕਰਨਾ)
31. ਨ੍ਰਿਤ ਅਤੇ ਅਭਿਨੈਅ ਦੇ ਮਾਧਿਅਮ ਨਾਲ਼ ਕਹੀ ਜਾਣ ਵਾਲੀ ਕਥਾ ਨੂੰ __________ਕਹਿੰਦੇ ਹਨ। (ਕੱਥਕ)
32. ਅਭਿਨੈਅ ਦਰਪਨ ਗ੍ਰੰਥ __________ਦੀ ਰਚਨਾ ਹੈ। (ਨੰਦੀ ਕੇਸ਼ਵਰ)
33. ਤਬਲੇ ਤੇ ਵਜਾਏ ਜਾਣ ਵਾਲ਼ੇ ਮੂਲ/ਪ੍ਰਸਿੱਧ ਵਰਨਾ ਨੂੰ __________ਕਹਿੰਦੇ ਹਨ। (ਠੇਕਾ)
34. ਤਾਲ ਅਤੇ ਲੈਅ ਵਿੱਚ ਨਿਬੱਧ ਕਵਿਤਾ ਦੇ ਬੋਲਾ ਦੁਆਰਾ ਰਚਿਤ ਰਚਨਾ ਨੂੰ __________ਕਹਿੰਦੇ ਹਨ। (ਕਵਿੱਤ)

ਸੰਖੇਪਾਤਮਕ ਪ੍ਰਸ਼ਨ

35. ਪਰਨ ਕਿਸਨੂੰ ਆਖਦੇ ਹਨ?
36. ਚੱਕਰਦਾਰ ਪਰਨ ਦੀ ਪਰਿਭਾਸ਼ਾ ਦੀਓ।
37. ਲਾਸਅ ਨ੍ਰਿਤ ਤੋਂ ਕੀ ਭਾਵ ਹੈ?
38. ਲਘੂ ਲਾਸਅ ਕਿਸਨੂੰ ਆਖਦੇ ਹਨ?
39. ਸਾਤਵਿਕ ਕਾਵ ਦਾ ਕੀ ਅਰਥ ਹੈ?
40. ਸੰਚਾਰੀ ਭਾਵ ਦੀ ਪਰਿਭਾਸ਼ਾ ਦੋ।
41. ਸ਼ਿੰਗਾਰ ਰਸ ਦਾ ਕੀ ਅਰਥ ਹੈ?
42. ਭੰਗੜਾ ਲੋਕ-ਨਾਚ ਬਾਰੇ ਤੁਸੀਂ ਕੀ ਜਾਣਦੇ ਹੋ, ਲਿਖੋ।
43. ਅੰਜਲੀ ਮੁਦਰਾ ਬਾਰੇ ਲਿਖੋ।
44. ਸੰਯੁਕਤ ਮੁਦਰਾ ਤੋਂ ਕੀ ਭਾਵ ਹੈ, ਲਿਖੋ।
45. ਕਵਿਤ ਦੀ ਪਰਿਭਾਸ਼ਾ ਦੀਓ।
46. ਗਤ ਨਿਕਾਸ ਬਾਰੇ ਸੰਖੇਪ ਵਿੱਚ ਲਿਖੋ।
47. ਤਿਲਾਨਾ ਤੋਂ ਤੁਹਾਡਾ ਕੀ ਭਾਵ ਹੈ, ਪਰਿਭਾਸ਼ਿਤ ਕਰੋ।
48. ਕਥੱਕ ਦੇ ਬਾਰੇ ਸੰਖੇਪ ਵਿੱਚ ਲਿਖੋ।
49. ਰਸ ਤੋਂ ਤੁਹਾਡਾ ਕੀ ਭਾਵ ਹੈ, ਲਿਖੋ।
50. ਕਥੱਕ ਨ੍ਰਿਤ ਵਿੱਚ ਪ੍ਰਯੋਗ ਹੋਣ ਵਾਲੇ ਵਾਦ ਦੇ ਬਾਰੇ ਲਿਖੋ।
51. ਉਦਯ ਸ਼ੰਕਰ ਜੀ ਦੇ ਬਾਰੇ ਤੁਸੀਂ ਕੀ ਜਾਣਦੇ ਹੋ, ਲਿੱਖੋ।
52. ਤਾਲ ਕਿਸਨੂੰ ਕਹਿੰਦੇ ਹਨ?

53. ਲੋਕ-ਨਾਚ ਤੋਂ ਤੁਹਾਡਾ ਕੀ ਭਾਵ ਹੈ, ਲਿਖੋ।

54. ਝੂਮਰ ਨ੍ਰਿਤ ਬਾਰੇ ਵਿਸਥਾਰ ਨਾਲ਼ ਲਿਖੋ।

55. ਗਤਕਾ ਨਾਚ ਬਾਰੇ ਤੁਸੀਂ ਕੀ ਜਾਣਦੇ ਹੋ, ਲਿਖੋ।

56. ਮੁਦਰਾ ਸ਼ਬਦ ਤੋਂ ਕੀ ਭਾਵ ਹੈ, ਲਿਖੋ।

57. ਕਰਕਟ ਮੁਦਰਾ ਕਿਸਨੂੰ ਆਖਦੇ ਹਨ?

58. ਵਿਭਾਵ ਦਾ ਕੀ ਅਰਥ ਹੈ, ਲਿਖੋ।

59. ਭਿਆਨਕ ਰਸ ਤੋਂ ਤੁਹਾਡਾ ਕੀ ਭਾਵ ਹੈ, ਲਿਖੋ।

## ਨਿਬੰਧਾਤਮਕ ਪ੍ਰਸ਼ਨ

60. ਲੈਅ, ਤਾਲ, ਪਰਨ ਅਤੇ ਚੱਕਰਦਾਰ ਪਰਨ ਤੋਂ ਤੁਹਾਡਾ ਕੀ ਭਾਵ ਹੈ?

61. ਲਾਸਯ ਨ੍ਰਿਤ ਦੇ ਬਾਰੇ ਵਿਸਥਾਰ ਨਾਲ਼ ਲਿਖੋ।

62. ਉਦਯ ਸ਼ੰਕਰ ਜੀ ਦਾ ਚਰਿੱਤਰ ਚਿਤ੍ਰਣ ਕਰੋ।

63. ਭਰਤਨਾਟੀਅਮ ਸ਼ਾਸਤਰੀ ਨ੍ਰਿਤ ਦੇ ਬਾਰੇ ਵਿਸਥਾਰ ਨਾਲ਼ ਲਿਖੋ।

64. ਰਸ ਦਾ ਅਰਥ ਦੱਸਦੇ ਹੋਏ, ਇਸਦੇ ਭਾਗਾਂ ਬਾਰੇ ਵਿਸਥਾਰ ਨਾਲ ਲਿਖੋ।

65. ਭਾਵ ਤੋਂ ਤੁਹਾਡਾ ਕੀ ਮਤਲਬ ਹੈ? ਭਾਵ ਦੇ ਪ੍ਰਕਾਰਾਂ ਬਾਰੇ ਲਿਖੋ।

66. ਲਾਸਯ ਨ੍ਰਿਤ ਤੋਂ ਕੀ ਮਤਲਬ ਹੈ, ਲਾਸਯ ਨ੍ਰਿਤ ਕਿੰਨੇ ਤਰ੍ਹਾਂ ਦਾ ਹੁੰਦਾ ਹੈ, ਲਿਖੋ।

67. ਉਦਯ ਸ਼ੰਕਰ ਜੀ ਦਾ ਕੱਥਕ ਨ੍ਰਿਤ ਵਿੱਚ ਕੀ ਯੋਗਦਾਨ ਰਿਹਾ, ਉਸਨੂੰ ਵਿਸਥਾਰ ਨਾਲ ਲਿਖੋ।

68. ਪੰਜਾਬ ਦੇ ਲੋਕ ਨਾਚ ਭੰਗੜਾ ਅਤੇ ਗਿੱਧਾ ਬਾਰੇ ਵਿਸਥਾਰ ਨਾਲ਼ ਲਿਖੋ।

69. ਪੰਜਾਬ ਦੇ ਲੋਕ ਨਾਚਾਂ ਵਿੱਚ ਕਿਹੜੇ-ਕਿਹੜੇ ਵਾਦਾਂ ਦਾ ਪ੍ਰਯੋਗ ਹੁੰਦਾ ਹੈ, ਲਿਖੋ।

70. ਅਭੀਨੈਅ ਦਰਪਣ ਗਰੰਥ ਦੇ ਅਨੁਸਾਰ ਕੋਈ ਮੁਦਰਾਵਾਂ ਬਾਰੇ ਲਿਖੋ।

71. "ਮੁਦਰਾ" ਸ਼ਬਦ ਦੀ ਪਰਿਭਾਸ਼ਾ ਦੀਓ ਅਤੇ ਕੋਈ ਦਸ ਸੰਯੁਕਤ ਮੁਦਰਾ ਦੇ ਬਾਰੇ ਵਿਸਥਾਰ ਨਾਲ ਲਿਖੋ।